BANK OF CANADA (ਬੈਂਕ ਆਫ਼ ਕੈਨੇਡਾ)

ਤੁਰੰਤ ਛਾਪਣ ਵਾਸਤੇ
18 ਮਈ 2005

ਸੰਪਰਕ: ਮੋਨਿਕਾ ਲੈਮੋਰਿਅਕਸ
(613) 782-8782

**ਬੈਂਕ ਆਫ਼ ਕੈਨੇਡਾ ਨੇ 10 ਡਾਲਰ ਦਾ ਨਵਾਂ ਨੋਟ ਕੱਢਿਆ**

**ਔਟਾਵਾ**— ਅੱਜ ਬੈਂਕ ਆਫ਼ ਕੈਨੇਡਾ ਨੇ 10 ਡਾਲਰ ਦੇ ਬੈਂਕ ਨੋਟ ਵਿੱਚ ਸੁਰੱਖਿਆ ਦੇ ਲੱਖਣਾਂ ਵੱਧਾ ਜੇ ਉਸ ਨੂੰ ਹੋਰ ਵੀ ਵਧਿਆ ਬਣਾ ਕੇ ਚਾਲੂ ਕੀਤਾ ਹੈ। ਇਸ ਹੋਰ ਵੀ ਵਧਿਆ ਨੋਟ ਦਾ ਡਿਜ਼ਾਇਨ, ਰੰਗ ਅਤੇ ਵਿਸ਼ਾ (*ਯਾਦਗਾਰਾਂ ਅਤੇ ਸ਼ਾਂਤੀ ਰੱਖਣਾ*) ਪਹਿਲਾਂ ਤੋਂ ਕੱਢੇ ਗਏ ਕਨੇਡਿਅਨ ਜਰਨੀ ਦੀ ਸ਼੍ਰੇਣੀ ਵਾਲੇ 10 ਡਾਲਰ ਦੇ ਨੋਟ ਦੀ ਤਰ੍ਹਾਂ ਹੀ ਹਨ।

ਕਨੇਡਾ ਦੇ ਬੈਂਕ ਦੇ ਨੋਟਾਂ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਅਤੇ ਨਕਲੀ ਨੋਟ ਬਣਾਉਣ ਵਾਲੇਆਂ ਤੋਂ ਅੱਗੇ ਰਹਿਣ ਲਈ, ਬੈਂਕ ਲਗਾਤਾਰ ਨਵੇਂ ਅਤੇ ਹੋਰ ਵੀ ਚੰਗੇ ਸੁਰੱਖਿਆ ਦੇ ਲੱਛਣ ਲਿਆਉਣ ਲਈ ਅਨੁਸੰਧਾਨ ਅਤੇ ਵਿਕਾਸ ਕਰਦਾ ਰਹਿੰਦਾ ਹੈ।ਕਨੇਡਿਅਨ ਜਰਨੀ ਸਿਰਿਜ਼ ਦੇ 20, 50 ਅਤੇ 100 ਡਾਲਰ ਦੇ ਨੋਟ ਦੀ ਤਰ੍ਹਾਂ 10 ਡਾਲਰ ਦੇ ਨੋਟ ਵਿੱਚ ਵੀ ਇੱਕ ਵਿੱਚ ਧਾਤੂ ਦੀ ਚਮਕਦੀ ਹੋਈ ਇਕ ਤਾਰ, ਇੱਕ ਪਾਣੀ ਦੇ ਨਿਸ਼ਾਨਾਂ ਵਾਲੀ ਤਸਵੀਰ, ਖਾਣੇਆਂ ਵਾਲਾ ਰੰਗ ਬਦਲਣ ਵਾਲਾ ਕਾਗਜ਼ ਦੇ ਅੰਦਰ ਪਿਰੋਆ ਹੋਇਆ ਧਾਗਾ ਅਤੇ ਪਾਰਦਰਸ਼ੀ ਨੰਬਰ, ਅਤੇ ਅਲਟਰਾ ਵਾਇਲੈਟ ਰੋਸ਼ਨੀ ਵਿੱਚ ਦੇਖਣ ਲਈ ਹੋਰ ਵੀ ਵੱਧੀਆ ਲਾਲ ਅਤੇ ਪੀਲਾ ਲਿਸ਼ਕਾਰਾ ਵੀ ਸ਼ਾਮਲ ਹਨ। ਛੋਟੀ ਰਾਸ਼ੀ ਵਾਲੇ ਨੋਟਾਂ ਦੇ ਵੱਧ ਛਪੇ ਜਾਣ ਦੇ ਜਵਾਬ ਦੇ ਵਿੱਚ ਬੈਂਕ ੧੦ ਡਾਲਰ ਦੇ ਨੋਟ ਨੂੰ ਹੋਰ ਵੀ ਚੰਗਾ ਬਣਾ ਰਿਹਾ ਹੈ।

ਬੈਂਕ ਆਫ ਕਨੇਡਾ ਦੇ ਗਵਰਨਰ, ਡੇਵਿਡ ਡੋਜ ਨੇ ਕਿਹਾ ਕਿ "ਇਹਨਾਂ ਵੱਧੇ ਹੋਏ ਸੁਰੱਖਿਆ ਦੇ ਲੱਛਣਾਂ ਨਾਲ ਵਰਤਣ ਵਾਲੇ ਅਤੇ ਕੈਸ਼ ਪੈਸੇਆਂ ਦਾ ਹਿਸਾਬ ਕਰਨ ਵਾਲੇਆਂ ਲਈ ਬੈਂਕ ਦੇ ਨੋਟਾਂ ਦੀ ਅਸਲੀਅਤ ਨੂੰ ਜਾਣਨਾ ਆਸਾਨ ਹੋ ਜਾਂਦਾ ਹੈ, ਪਰ ਨਕਲੀ ਨੋਟ ਛਾਪਣ ਵਾਲੇਆ ਵਾਸਤੇ ਕੰਮ ਮੁਸ਼ਕਿਲ ਹੋ ਜਾਂਦਾ ਹੈ"।

ਕਨੇਡਾ ਦੇ ਬੈਂਕ ਨੋਟਾਂ ਦੀ ਸੁਰੱਖਿਆ ਦੇ ਲੱਛਣਾ ਨੂੰ ਪਛਾਨਣ ਵਿੱਚ ਮਦੱਦ ਕਰਨ ਦੇ ਲਈ ਬੈਂਕ ਆਪਣੇ ਹਿੱਸੇਦਾਰਾਂ ਅਤੇ ਆਮ ਜਨਤਾ ਲਈ ਸਿਖਿਆ ਦੀ ਸਾਮਗ੍ਰੀ ਦੇ ਨਾਲ ਨਾਲ ਜਲਦੀ ਅਤੇ ਆਸਾਨੀ ਨਾਲ ਨਕਲੀ ਨੋਟਾਂ ਦੇ ਸਾਹਮਨੇ ਅਸਲੀ ਨੋਟਾਂ ਦਾ ਫਰਕ ਦੱਸਣ ਲਈ ਤਕਨੀਕ ਵੀ ਭੇਜਦਾ ਹੈ। ਕਨੇਡਿਅਨ ਬੈਂਕ ਨੋਟਾਂ, ਉਹਨਾਂ ਦੀ ਸੁਰੱਖਿਆ ਦੇ ਲੱਛਣਾਂ, ਅਤੇ ਸਿੱਖਿਆ ਅਤੇ ਟ੍ਰੇਨਿੰਗ ਦੀ ਸਾਮਗ੍ਰੀ ਤੇ ਹੋਰ ਜ਼ਿਆਦਾ ਜਾਣਕਾਰੀ ਲੈਣ ਲਈ <http://www.bankofcanada.ca/en/banknotes/> ਤੇ ਜਾਓ।

ਓਨਟੇਰਿਓ ਚੈਮਬਰ ਆਫ ਕਾਮਰਸ ਦੇ ਪ੍ਰਧਾਨ ਅਤੇ ਸੀ ਈ ਓ ਲੇਨ ਕਰਿਸਪਿਣੋ ਨੇ ਕਿਹਾ ਕਿ, "ਇਹ ਕੇਵਲ ਇੱਕ ਚੰਗੀ ਸਮਝ ਹੈ ਜੇ ਕਰ ਦੁਕਾਨਦਾਰ ਆਪਣੇ-ਆਪ ਨੂੰ ਨਕਲੀ ਨੋਟਾਂ ਤੋਂ ਬਚਾਉਣ ਲਈ ਉਹ ਸਭ ਕਰਨ ਜੋ ਉਹਨਾਂ ਨੂੰ ਕਰਨਾ ਚਾਹੀਦਾ ਹੈ। ਇਸ ਲਈ ਅਸੀ ਬਿਜ਼ਨੈਸ ਵਾਲੇਆਂ ਨੂੰ ਬਹੁਤ ਜ਼ੋਰ ਨਾਲ ਸਲਾਹ ਦਿੰਦੇ ਹਾਂ ਕਿ ਬੈਂਕ ਵਲੋਂ ਦਿੱਤੀ ਗਈ ਸਿੱਖਿਆ ਦੀ ਸਾਮਗ੍ਰੀ ਤੋਂ ਫਾਇਦਾ ਚੁੱਕੋ ਅਤੇ ਕੈਸ਼ ਸੰਭਾਲਣ ਵਾਲੇਆਂ ਨੂੰ ਦੱਸੋ ਕਿ ਨਕਲੀ ਨੋਟਾਂ ਨੂੰ ਕਿਸ ਤਰ੍ਹਾਂ ਪਛਾਣਨਾ ਹੈ। ਬੈਂਕ ਦੇ ਨੋਟ ਦੀ ਅਸਲੀਅਤ ਨੂੰ ਪੱਕਾ ਕਰਨ ਲਈ ਕੇਵਲ ਕੁਝ ਸੈਕੰਡ ਲੱਗਦੇ ਹਨ, ਅਤੇ ਇਸ ਨਾਲ ਨਕਲੀ ਨੋਟਾਂ ਤੋਂ ਬਿਜ਼ਨੈਸ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸੱਕਦਾ ਹੈ।"

20 ਜਨਵਰੀ 2005 ਤੋਂ 10 ਡਾਲਰ ਦੇ ਨਵੇਂ ਨੋਟ ਦੀ ਘੋਸ਼ਨਾ ਤੋਂ ਲੈ ਕੇ, ਬੈਂਕ ਆਪਣੇ ਬਹੁਤ ਸਾਰੇ ਭਾਗੀਦਾਰਾਂ, ਜਿਹਨਾਂ ਵਿੱਚ ਦੁਕਾਨਦਾਰ, ਆਰਥਕ ਅਦਾਰੇ, ਅਤੇ ਬੈਂਕ ਦੇ ਨੋਟਾਂ ਨੂੰ ਸੰਭਾਲਣ ਵਾਲੇ ਉਪਕਰਣਾਂ ਨੂੰ ਬਣਾਉਣ ਅਤੇ ਚਲਾਉਣ ਵਾਲੇਆਂ ਵੀ ਸ਼ਾਮਲ ਹਨ, ਉਹਨਾਂ ਨਾਲ ਮਿੱਲਕੇ ਕੰਮ ਕਰ ਰਿਹਾ ਹੈ, ਤਾਂ ਜੋ ਹਰ ਰੋਜ਼ ਕੈਸ਼ ਪੈਸੇ ਨਾਲ ਕੀਤੇ ਜਾਣ ਵਾਲੇ ਕਾਰੋਬਾਰ ਵਿੱਚ ਇਸ ਨਵੇਂ ਨੋਟ ਦੀ ਸਰਲਤਾ ਨਾਲ ਨਾਲ ਜਾਣ-ਪੱਛਾਣ ਕਰਵਾਈ ਜਾ ਸਕੇ।

ਇਹ ਨਵਾਂ ਨੋਟ ਅੱਗਲੇ ਦੋ ਹਫ਼ਤੇ ਦੇ ਵਿੱਚ ਸਾਰੇ ਕਨੇਡਾ ਭਰ ਵਿੱਚ ਉਪਲਬਧ ਹੋਵੇਗਾ। ਬੈਂਕ ਆਫ ਕਨੇਡਾ ਵਲੋਂ ਜ਼ਾਰੀ ਕੀਰੇ ਜਾਣ ਵਾਲੇ ਬਾਕੀ ਹੋਰ ਨਵੇਂ ਨੋਟਾਂ ਦੀ ਤਰ੍ਹਾਂ, 10 ਡਾਲਰ ਦਾ ਪੁਰਾਨਾ ਨੋਟ ਜਿਹੜਾ ਕਿ ਹਾਲਾਂ ਵੀ ਚਲ ਰਿਹਾ ਹੈ ਕਾਨੂੰਨੀ ਤੋਰ ਤੇ ਮਨਿੰਆ ਜਾਵੇਗਾ। ਬੈਂਕ ਨੂੰ ਉਮੀਦ ਹੈ ਕਿ 10 ਡਾਲਰ ਦੇ ਪੁਰਾਨੇ ਨੋਟ ਨੂੰ ਇਸ ਨਵੇਂ ਵੱਧਿਆ ਨੋਟ ਨਾਲ ਬਦਲਦੇ ਹੋਏ ਘੱਟੋਂ-ਘੱਟ ਇਕ ਸਾਲ ਲੱਗ ਜਾਵੇਗਾ।

- **ਸੰਪਾਦਕ ਲਈ ਨੋਟ:**
  ਨਵੇਂ $10 ਦੇ ਨੋਟ ਦੇ ਅੱਗਲੇ ਅਤੇ ਪਿੱਛਲੇ ਪਾਸੇ ਦੀਆਂ ਫੋਟੋ ਦੇ ਨਾਲ ਇੱਕ ਸੀ ਡੀ ਬੇਨਤੀ ਕਰਕੇ ਮੰਗਵਾਈ ਜਾ ਸਕਦੀ ਹੈ। ਜਿਹੜਾ ਵੀ ਕੋਈ ਇਸ ਨਵੇਂ ਨੋਟ ਦੀ ਤਸਵੀਰ ਨੂੰ ਛਾਪਣਾ ਚਾਹੁੰਦਾ ਹੈ ਉਸਨੂੰ ਬੈਂਕ ਆਫ ਕਨੇਡਾ ਕੋਲੋਂ ਲਿੱਖਤ ਆਗਿਆ ਲੈਣ ਦੀ ਲੋੜ ਹੈ। (<http://www.bankofcanada.ca/en/banknotes/legislation/repro.html>).